# ਪ੍ਰਸ਼ਨ ਬੈਂਕ (ਹੱਲ ਸਹਿਤ)

## ਵਿਲੱਖਣ ਸਮਰੱਥਾ (**HI , VI ਅਤੇ MR**) ਵਾਲੇ ਵਿਦਿਆਰਥੀਆਂਲਈ

### ਸ਼੍ਰੇਣੀ : ਛੇਵੀਂ

### ਵਿਸ਼ਾ : ਸਮਾਜਿਕ ਵਿਗਿਆਨ

ਪਿਆਰੇ ਵਿਦਿਆਰਥੀਓ!

ਮਾਣਯੋਗ ਸਕੱਤਰ ਸਕੂਲ ਸਿੱਖਿਆ , ਪੰਜਾਬ ਜੀ ਦੇ ਮਾਰਗ ਦਰਸ਼ਨ ਅਤੇ ਦਿਸ਼ਾ ਨਿਰਦੇਸ਼ਾਂ ਹੇਠ ਵਿਲੱਖਣ ਸਮਰੱਥਾ ਵਾਲੇ ਵਿਦਿਆਰਥੀਆਂ(**HI , VI ਅਤੇ MR**) ਲਈ ਛੇਵੀਂ ਸ਼੍ਰੇਣੀ ਦਾ ਸਮਾਜਿਕ ਵਿਗਿਆਨ ਵਿਸ਼ੇ ਦਾ ਪ੍ਰਸ਼ਨ ਬੈਂਕ ਤਿਆਰ ਕੀਤਾ ਗਿਆ ਹੈ। ਇਹ ਪ੍ਰਸ਼ਨ ਬੈਂਕ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਪਾਠਕ੍ਰਮ ਦੇ ਆਧਾਰ ਤੇ ਬਣਾਇਆ ਗਿਆ ਹੈ। ਵਿਲੱਖਣ ਸਮਰੱਥਾ ਵਾਲੇ ਵਿਦਿਆਰਥੀਆਂ ਲਈ ਕੋਈ ਵੱਖਰਾ ਪਾਠ ਕ੍ਰਮ ਨਹੀਂ ਰੱਖਿਆ ਗਿਆ । ਸਿਰਫ ਪ੍ਰਸ਼ਨ ਪੱਤਰ ਦੀ ਰੂਪ ਰੇਖਾ ਹੀ ਭਿੰਨ ਰੱਖੀ ਗਈ ਹੈ।ਇਸ ਪ੍ਰਸ਼ਨ ਪੱਤਰ ਵਿੱਚ **60%** ਪ੍ਰਸ਼ਨ **Objective type (Multiple choice , Fill in the blanks, Match the following ਅਤੇ True – False )** ਹਨ ਜਦੋਂਕਿ **20%** ਛੋਟੇ ਉੱਤਰਾਂ ਵਾਲੇ ਪ੍ਰਸ਼ਨ ਅਤੇ **20%**ਵੱਡੇ ਉੱਤਰਾਂ ਵਾਲੇ ਪ੍ਰਸ਼ਨ ਹਨ।

ਇਸ ਪ੍ਰਸ਼ਨ ਬੈਂਕ ਨੂੰ ਬਣਾਉਣ ਦਾ ਉਦੇਸ਼ ਵਿਲੱਖਣ ਸਮਰੱਥਾ ਵਾਲੇ ਵਿਦਿਆਰਥੀਆਂ ਨੂੰ ਉਚਿਤ ਅਤੇ ਲੋੜੀਂਦਾ ਗਿਆਨ ਸਰਲਤਾ ਨਾਲ ਪ੍ਰਦਾਨ ਕਰਨ ਦਾ ਹੈ। ਇਸ ਪ੍ਰਸ਼ਨ ਬੈਂਕ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਨੂੰ **100%**ਹੱਲ ਕੀਤਾ ਗਿਆ ਹੈ ਅਤੇ ਪ੍ਰੀਖਿਆ ਵਿੱਚ ਕੇਵਲ ਇਸ ਪ੍ਰਸ਼ਨ ਬੈਂਕ ਵਿੱਚੋਂ ਹੀ ਪ੍ਰਸ਼ਨ ਪੁੱਛੇ ਜਾਣਗੇ ।

ਇਸ ਪ੍ਰਸ਼ਨ ਬੈਂਕ ਨੂੰ ਵਿਸ਼ਾ ਮਾਹਿਰਾਂ ਵਲੋਂ ਤਿਆਰ ਕੀਤਾ ਗਿਆ ਹੈ। ਸੁਧਾਰ ਦੇ ਤੌਰ ਤੇ ਆਏ ਸੁਝਾਵਾਂ ਦਾ ਸੁਆਗਤ ਕੀਤਾ ਜਾਵੇਗਾ।

ਸੰਪਾਦਕ

ਜਯੋਤੀ ਸੋਨੀ

ਵਿਸ਼ਾ ਮਾਹਿਰ

ਐੱਸ.ਸੀ.ਈ.ਆਰ.ਟੀ.ਪੰਜਾਬ

# ਪ੍ਰਸ਼ਨ ਪੱਤਰ ਦੀ ਰੂਪ-ਰੇਖਾ

## (ਵਿਲੱਖਣ ਪ੍ਰਤਿਭਾ ਵਾਲੇ ਵਿਦਿਆਰਥੀਆਂ ਲਈ)

## ਸੈਸ਼ਨ 2018-19

ਸਮਾਂ - 3 ਘੰਟੇ+1 ਘੰਟਾ ਵਾਧੂ ਜਮਾਤ ਛੇਵੀਂ ਥਿਓਰੀ ਅੰਕ 70

ਵਿਸ਼ਾ -ਸਮਾਜਿਕ ਵਿਗਿਆਨ ਸੀ. ਸੀ.ਈ - 10

ਵਿਸ਼ਾ ਸਮਗਰਤਾ ਗਤੀਵਿਧੀ - 20

### (ਭਾਗ - ੳ) (ਆੱਬਜੈਕਟਿਵ ਪ੍ਰਸ਼ਨ)

ਕੁੱਲ ਪ੍ਰਸ਼ਨ - 21 ਕੁੱਲਅੰਕ - 42

| | |
|---|---|
| 1. ਸਹੀ ਵਿਕਲਪ ਚੁਣੋ | 2 ਅੰਕ ×5 ਪ੍ਰਸ਼ਨ= 10 ਅੰਕ |
| 2. ਖਾਲੀ ਸਥਾਨ ਭਰੋ | 2 ਅੰਕ ×5 ਪ੍ਰਸ਼ਨ= 10 ਅੰਕ |
| 3. ਮਿਲਾਨ ਕਰੋ | 2 ਅੰਕ ×5 ਪ੍ਰਸ਼ਨ= 10 ਅੰਕ |
| 4. ਸਹੀ/ਗਲਤ ਚੁਣੋ | 2 ਅੰਕ ×6 ਪ੍ਰਸ਼ਨ= 12 ਅੰਕ |

### (ਭਾਗ - ਅ) ਤਿੰਨ ਅੰਕਾਂ ਵਾਲੇ ਪ੍ਰਸ਼ਨ

ਕੁੱਲ ਪ੍ਰਸ਼ਨ - 6 ਕੁੱਲ ਅੰਕ - 18

5. ਤਿੰਨ ਅੰਕਾਂ ਵਾਲੇ ਪ੍ਰਸ਼ਨ 3 ਅੰਕ × 6 ਪ੍ਰਸ਼ਨ= 18 ਅੰਕ

### (ਭਾਗ - ੲ) ਪੰਜ ਅੰਕਾਂ ਵਾਲੇ ਪ੍ਰਸ਼ਨ

ਕੁੱਲ ਪ੍ਰਸ਼ਨ - 2 ਕੁੱਲ ਅੰਕ - 10

6. ਪੰਜ ਅੰਕਾਂ ਵਾਲੇ ਪ੍ਰਸ਼ਨ 5 ਅੰਕ× 2 ਪ੍ਰਸ਼ਨ= 10 ਅੰਕ

### ਪਾਠ ਪੁਸਤਕ

ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਨਿਰਧਾਰਿਤ ਪਾਠ ਪੁਸਤਕ

### ਸਮਾਜਿਕ ਵਿਗਿਆਨ - ਛੇਵੀਂ ਸ਼੍ਰੇਣੀ ਲਈ

**CLASS 6th**
**HISTORY**
**ਪਾਠ 1**
# ਪ੍ਰਿਥਵੀ: ਸੂਰਜ ਪਰਿਵਾਰ ਦਾ ਅੰਗ
# Earth as member of Solar System

1. ਸੂਰਜ, ਗ੍ਰਹਿ, ਧਰਤੀ, ਚੰਨ ਅਤੇ ਨਿੱਕੇ ਵੱਡੇ ਤਾਰੇ, ਧੂੜ ਅਤੇ ਗੈਸਾਂ ਆਦਿ ਕਿਥੇ ਸਥਿਤ ਹਨ?
   (ੳ) ਸੂਰਜੀ ਪਰਿਵਾਰ (ਅ) ਗਲੈਕਸੀ (ੲ) **ਬ੍ਰਹਿਮੰਡ** (ਸ) ਧਰਤੀ
2. ਅਕਾਸ਼ ਵਿੱਚ ਸਥਿਤ ਸੂਰਜ, ਗ੍ਰਹਿ, ਚੰਨ, ਨਿੱਕੇ-ਵੱਡੇ ਅਣਗਿਣਤ ਚਮਕਦੇ ਤਾਰਿਆਂ ਆਦਿ ਨੂੰ ਕੀ ਆਖਦੇ ਹਨ?
   (ੳ) ਪੂਛਲ ਤਾਰੇ (ਅ) ਉਲਕਾਪਿੰਡ (ੲ) ਸੂਰਜੀ ਪਰਿਵਾਰ (ਸ) **ਖਗੋਲ-ਪਿੰਡ**
3. ਜਿਹੜੇ ਖਗੋਲੀ ਜਾਂ ਆਕਾਸ਼ੀ ਪਿੰਡ ਆਪਣੀ ਰੋਸ਼ਨੀ ਕਰਕੇ ਚਮਕਦੇ ਹਨ, ਉਹਨਾਂ ਨੂੰ ਕੀ ਕਿਹਾ ਜਾਂਦਾ ਹੈ?
   (ੳ) **ਤਾਰੇ** (ਅ) ਗ੍ਰਹਿ (ੲ) ਉਪਗ੍ਰਹਿ (ਸ) ਪੂਛਲ ਤਾਰੇ
4. ਤਾਰਾ ਮੰਡਲ ਕੀ ਹੈ?
   (ੳ) ਗ੍ਰਹਿ ਦਾ ਸਮੂਹ (ਅ) **ਤਾਰਿਆਂ ਦਾ ਸਮੂਹ** (ੲ) ਉਪਗ੍ਰਹਿਾਂ ਦਾ ਸਮੂਹ (ਸ) ਉਲਕਾ ਦਾ ਸਮੂਹ
5. ਸੂਰਜ ਦੀ ਰੋਸ਼ਨੀ ਧਰਤੀ ਤੇ ਕਿੰਨੇ ਸਮੇਂ ਵਿੱਚ ਪਹੁੰਚਦੀ ਹੈ?
   (ੳ) **8 ਮਿੰਟ** (ਅ) 18 ਮਿੰਟ (ੲ) 28 ਮਿੰਟ (ਸ) 81 ਮਿੰਟ
6. ਅਕਾਸ਼ ਗੰਗਾ ਦਾ ਇੱਕ ਹਿੱਸਾ ਜਿਹੜਾ ਅੱਠ ਗ੍ਰਹਿਆਂ ਅਤੇ ਸੂਰਜ ਤੋਂ ਬਣਿਆ ਹੈ ਉਸਨੂੰ ਕੀ ਆਖਦੇ ਹਨ?
   (ੳ) ਗਲੈਕਸੀ (ਅ) **ਸੂਰਜੀ ਪਰਿਵਾਰ** (ੲ) ਤਾਰਾਮੰਡਲ (ਸ) ਬ੍ਰਹਿਮੰਡ
7. ਸਾਡੇ ਸੂਰਜੀ ਪਰਿਵਾਰ ਵਿੱਚ ਕਿੰਨੇ ਗ੍ਰਹਿ ਹਨ?
   (ੳ) 6 (ਅ) 7 (ੲ) **8** (ਸ) 9
8. ਪੁਲਾੜ ਵਿੱਚ ਨਿਸ਼ਚਿਤ ਮਾਰਗ ਵਿੱਚ ਸੂਰਜ ਦੁਆਲੇ ਘੁੰਮਦੇ ਠੋਸ ਜਾਂ ਗੈਸੀ ਗੋਲਿਆਂ ਨੂੰ ਕੀ ਆਖਦੇ ਹਨ?
   (ੳ) ਤਾਰੇ (ਅ) ਉਪਗ੍ਰਹਿ (ੲ) **ਗ੍ਰਹਿ** (ਸ) ਚੰਨ
9. ਸਭ ਤੋਂ ਵੱਡਾ ਗ੍ਰਹਿ ਕਿਹੜਾ ਹੈ?
   (ੳ) ਧਰਤੀ (ਅ) ਸ਼ਨੀ (ੲ) ਯੂਰੇਨਸ (ਸ) **ਬ੍ਰਹਿਸਪਤ**
10. ਉਹਨਾਂ ਅਕਾਸ਼ੀ ਗੋਲਿਆਂ ਜਾਂ ਖਗੋਲੀ ਪਿੰਡ ਜਿਹੜੇ ਗ੍ਰਹਿਾਂ ਦੁਆਲੇ ਘੁੰਮਦੇ ਹਨ ਨੂੰ ਕੀ ਆਖਦੇ ਹਨ?
    (ੳ) **ਉਪਗ੍ਰਹਿ** (ਅ) ਗ੍ਰਹਿ (ੲ) ਤਾਰੇ (ਸ) ਪੂਛਲ ਤਾਰੇ
11. ਜਦੋਂ ਧਰਤੀ ਸੂਰਜ ਅਤੇ ਚੰਨ ਦੇ ਵਿਚਕਾਰ ਆ ਜਾਂਦੀ ਹੈ ਅਤੇ ਧਰਤੀ ਦਾ ਪਰਛਾਵਾਂ, ਚੰਨ ਉੱਤੇ ਪੈਂਦਾ ਹੈ, ਨੂੰ ਕੀ ਆਖਦੇ ਹਨ?
    (ੳ) ਧਰਤੀ ਗ੍ਰਹਿਣ (ਅ) **ਚੰਨ ਗ੍ਰਹਿਣ** (ੲ) ਸੂਰਜ ਗ੍ਰਹਿਣ (ਸ) ਪੂਰਨਮਾਸ਼ੀ

**ਖਾਲੀ ਥਾਵਾਂ ਭਰੋ:**

1. ਸਾਡੀ ਧਰਤੀ ਚਪਟਾ ਗੋਲਾ ਹੈ, ਇਸਨੂੰ ਧਰਤ ਗੋਲਾ ਆਖਦੇ ਹਨ। **(ਧਰਤ ਗੋਲਾ , ਗੋਲਾਨੁਮਾ)**
2. ਧਰਤੀ ਦਾ ਘੇਰਾ ਲਗਭਗ 40,000 ਕਿਲੋਮੀਟਰ ਹੈ। **(42000, 40000)**
3. ਧਰੁਵਾਂ ਵੱਲੋਂ ਧਰਤੀ ਦਾ ਵਿਆਸ 12,712 ਕਿਲੋਮੀਟਰ ਹੈ। **(12712, 12756)**
4. ਸਵਰਗੀ ਕਲਪਨਾ ਚਾਵਲਾ ਭਾਰਤੀ ਖਗੋਲ ਵਿਗਿਆਨੀ ਸੀ। **(ਖਗੋਲ ਵਿਗਿਆਨੀ, ਵਿਗਿਆਨੀ)**
5. ਧਰਤੀ ਸੂਰਜ ਤੋਂ ਲਗਭਗ 15 ਕਰੋੜ ਕਿਲੋਮੀਟਰ ਦੀ ਦੂਰੀ ਤੇ ਹੈ। **(15 ਕਰੋੜ, 20 ਕਰੋੜ)**
6. ਸੂਰਜ ਘੁੰਮਦੇ ਗੈਸੀ ਬੱਦਲ ਜਿਸ ਨੂੰ ਨੈਬੁਲਾ ਆਖਦੇ ਹਨ, ਤੋਂ ਬਣਿਆ ਹੈ। **(ਗਰੂਤਾ ਸ਼ਕਤੀ, ਨੈਬੁਲਾ)**

**ਸਹੀ ਜਾਂ ਗਲਤ:**

1. ਪੁਲਾੜ ਯਾਤਰੀਆਂ ਨੀਲ ਆਰਮ ਸਟਰੌਂਗ ਅਤੇ ਐਡਵਿਨ ਐਲਡਰਿਨ ਨੇ 21 ਜੁਲਾਈ 1969 ਨੂੰ ਸਭ ਤੋਂ ਪਹਿਲਾਂ ਚੰਨ ਦੀ ਸਤ੍ਹਾਂ ਤੇ ਪੈਰ ਰੱਖੇ। **(ਸਹੀ)**
2. ਧਰਤੀ ਚਪਟਾ ਗੋਲਾ ਹੈ। **(ਸਹੀ)**
3. ਸ਼ੁੱਕਰ ਸੂਰਜ ਦੇ ਸਭ ਤੋਂ ਨੇੜੇ ਹੈ। **(ਸਹੀ)**
4. ਸ਼ੁੱਕਰ ਗ੍ਰਹਿ ਹੀ ਆਪਣੇ ਆਲੇ ਦੁਆਲੇ ਪੂਰਬ ਤੋਂ ਪਛੱਮ ਵੱਲ ਘੁੰਮਦਾ ਹੈ। **(ਸਹੀ)**
5. ਧਰਤੀ ਦੇ ਸਭ ਤੋਂ ਜ਼ਿਆਦਾ ਉਪਗ੍ਰਹਿ ਹਨ। **(ਗਲਤ)**

**3 ਅੰਕ ਵਾਲੇ ਪ੍ਰਸ਼ਨ:**

ਪ੍ਰ 1: ਗ੍ਰਹਿਾਂ ਦੀ ਆਕਾਰ ਅਨੁਸਾਰ ਸੂਚੀ ਤਿਆਰ ਕਰੋ।

ਉ 1: ਬ੍ਰਹਿਸਪਤ, ਸ਼ਨੀ, ਯੂਰੇਨਸ, ਨੈਪਚੂਨ, ਧਰਤੀ, ਸ਼ੁੱਕਰ, ਮੰਗਲ, ਬੁੱਧ।

ਪ੍ਰ 2: ਸੂਰਜ ਤੋਂ ਵੱਖ-ਵੱਖ ਗ੍ਰਹਿਾਂ ਦੀ ਦੂਰੀ ਦੀ ਸੂਚੀ ਤਿਆਰ ਕਰੋ।

ਉ 2: ਬੁੱਧ, ਸ਼ੁੱਕਰ, ਧਰਤੀ, ਮੰਗਲ, ਬ੍ਰਹਿਸਪਤ, ਸ਼ਨੀ, ਯੂਰੇਨਸ, ਨੈਪਚੂਨ।

**5 ਅੰਕ ਵਾਲੇ ਪ੍ਰਸ਼ਨ:**

ਪ੍ਰ 1: ਪ੍ਰਕਾਸ਼ ਸਾਲ ਤੋਂ ਤੁਸੀ ਕੀ ਸਮਝਦੇ ਹੋ?

ਉ 1: ਪ੍ਰਕਾਸ਼ ਇੱਕ ਸੈਕਿੰਡ ਵਿੱਚ ਲਗਭਗ ਤਿੰਨ ਲੱਖ ਕਿਲੋਮੀਟਰ ਸਫਰ ਤੈਅ ਕਰ ਲੈਂਦਾ ਹੈ। ਪ੍ਰਕਾਸ਼ ਦੀ ਇੱਕ ਕਿਰਨ ਇੱਕ ਸਾਲ ਵਿੱਚ ਲਗਾਤਾਰ ਚਲਦਿਆਂ ਜਿੰਨਾ ਸਫਰ ਤੈਅ ਕਰਦੀ ਹੈ, ਉਸ ਦੂਰੀ ਨੂੰ ਪ੍ਰਕਾਸ਼ ਸਾਲ ਆਖਿਆ ਜਾਂਦਾ ਹੈ।

# ਪਾਠ 2
# ਗਲੋਬ: ਧਰਤੀ ਦਾ ਮਾਡਲ
# Globe: The Model of the Earth

1. $0^0$ ਅਕਸ਼ਾਂਸ਼ ਵਿੱਚੋਂ ਖਿੱਚੀ ਰੇਖਾ ਨੂੰ ਕੀ ਆਖਦੇ ਹਨ?
   (ੳ) ਆਰਕਟਿਕ ਗੋਲਾਕਾਰ (ਅ) **ਭੂ-ਮੱਧ ਰੇਖਾ** (ੲ) ਕਰਕ ਰੇਖਾ (ਸ) ਮਕਰ ਰੇਖਾ
2. ਭੂ-ਮੱਧ ਰੇਖਾ ਸਮੇਂ ਵਿਥਕਾਰਾਂ ਦੀ ਕੁੱਲ ਕਿੰਨੀ ਗਿਣਤੀ ਹੈ?
   (ੳ) 180 (ਅ) **181** (ੲ) 182 (ਸ) 183
3. ਭੂ-ਮੱਧ ਰੇਖਾ ਤੋਂ ਦੂਸਰੇ ਅਕਸ਼ਾਂਸ਼ ਦੀ ਕੌਣ ਦੂਰੀ ਨੂੰ ਕਿਸ ਇਕਾਈ ਵਿੱਚ ਦਰਸਾਇਆ ਜਾਂਦਾ ਹੈ?
   (ੳ) ਕਿਲੋਮੀਟਰ (ਅ) ਮੀਟਰ (ੲ) **ਡਿਗਰੀ** (ਸ) ਸ਼ੈਂਟੀਮੀਟਰ
4. $1^0$ ਅਕਸ਼ਾਂਸ਼ ਬਰਾਬਰ ਹੈ?
   (ੳ) **111 ਕਿਲੋਮੀਟਰ** (ਅ) 112 ਕਿਲੋਮੀਟਰ (ੲ) 113 ਕਿਲੋਮੀਟਰ (ਸ) 114 ਕਿਲੋਮੀਟਰ
5. ਮੁੱਖ ਮਧਿਆਨ ਰੇਖਾ ਕਿੱਥੋਂ ਲੰਘਦੀ ਹੈ?
   (ੳ) ਨਾਰਵੇ (ਅ) ਮੈਨਚੈਸਟਰ (ੲ) **ਗ੍ਰੀਨਵਿਚ** (ਸ) ਆਇਰਲੈਂਡ

**ਖਾਲੀ ਥਾਵਾਂ ਭਰੋ:**

1. ਮਕੱਰ ਰੇਖਾ 23 $^{1/2}$ ਦੱਖਣ ਅਕਸ਼ਾਂਸ਼ ਰੇਖਾ ਦੁਆਰਾ ਦਰਸਾਈ ਜਾਂਦੀ ਹੈ।(23 $^{1/2}$ ਦੱਖਣ/ 23 $^{1/2}$ ਉੱਤਰ)
2. ਦੋ ਸਮਾਨੰਤਰ ਰੇਖਾਵਾਂ ਵਿੱਚ ਦੂਰੀ ਹਮੇਸ਼ਾਂ ਬਰਾਬਰ ਹੁੰਦੀ ਹੈ।(ਬਰਾਬਰ/ ਬਰਾਬਰ ਨਹੀਂ)
3. ਮੁੱਖ ਮਧਿਆਨ ਨੂੰ ਸਿਫਰ ਦਿਸ਼ਾਂਤਰ ਆਖਦੇ ਹਨ।( ਭੂਮੱਧ ਰੇਖਾ/ ਮੁੱਖ ਮਧਿਆਨ)
4. ਗ੍ਰੀਨਵਿਚ ਦੇ ਔਸਤ ਸਮੇਂ ਅਤੇ ਭਰਤੀ ਪ੍ਰਮਾਣਿਕ ਸਮੇਂ ਵਿੱਚ 5 ਘੰਟੇ 30 ਮਿੰਟ ਅੰਤਰ ਹੈ।(5 ਘੰਟੇ 30 ਮਿੰਟ/5 ਘੰਟੇ 35 ਮਿੰਟ)
5. ਇੱਕ ਡਿਗਰੀ ਨੂੰ 60 ਮਿੰਟਾਂ ਵਿੱਚ ਵੰਡਿਆ ਜਾਂਦਾ ਹੈ।(60/61)

**ਸਹੀ ਜਾਂ ਗਲਤ:**

1. ਹਰੇਕ ਵਿਥਕਾਰ ਅਰਧ ਗੋਲਾ ਹੁੰਦਾ ਹੈ।**(ਸਹੀ)**
2. ਜਿਉਂ- ਜਿਉਂ ਭੂ-ਮੱਧ ਰੇਖਾ ਤੋਂ ਦੂਰ ਜਾਈਏ ਤਾਂ ਤਾਪਮਾਨ ਵੱਧਦਾ ਜਾਂਦਾ ਹੈ।**(ਗਲਤ)**
3. ਉਸ਼ਣ-ਤਾਪ ਖੰਡ , ਕਰਕ ਰੇਖਾ ਅਤੇ ਮਕਰ ਰੇਖਾ ਦੇ ਵਿਚਕਾਰ ਹੁੰਦਾ ਹੈ।**(ਸਹੀ)**
4. ਧਰਤੀ ਪੱਛਮ ਤੋਂ ਪੂਰਬ ਵੱਲ ਘੁੰਮਦੀ ਹੈ।**(ਸਹੀ)**
5. ਸ਼ੀਤ ਖੰਡ ਕੇਵਲ ਉੱਤਰੀ ਅਰਧ ਗੋਲੇ ਵਿੱਚ ਆਰਕਟਿਕ ਚੱਕਰ ਅਤੇ ਉੱਤਰੀ ਧਰੁਵ ਵਿਚਾਲੇ ਹੁੰਦੀ ਹੈ।**(ਸਹੀ)**

**ਸਹੀ ਮਿਲਾਣ ਕਰੋ:**

| | |
|---|---|
| (1) 66 $1/2^0$ N | (ੳ) ਮਕਰ ਰੇਖਾ |
| (2) 23 $1/2^0$ N | (ਅ) ਅੰਟਾਰਟਿਕ ਗੋਲਾਕਾਰ |
| (3) 23 $1/2^0$ S | (ੲ) ਕਰਕ ਰੇਖਾ |

ਉੱਤਰ

| | |
|---|---|
| (1) 66 1/2$^{0}$ N | (ੳ) ਅੰਟਾਰਟਿਕ ਗੋਲਾਕਾਰ |
| (3) 23 1/2$^{0}$ N | (ਅ) ਕਰਕ ਰੇਖਾ |
| (6) 23 1/2$^{0}$ S | (ੲ) ਮਕਰ ਰੇਖਾ |

**3 ਅੰਕ ਵਾਲੇ ਪ੍ਰਸ਼ਨ:**

ਪ੍ਰ 1: ਗਲੋਬ ਕੀ ਹੈ?

ਉ 1: ਗਲੋਬ ਧਰਤੀ ਦਾ ਤ੍ਰੈ-ਪਾਸੀ ਮਾਡਲ ਹੈ।

ਪ੍ਰ 2: ਗੋਲਾ ਅਰਧ ਕੀ ਹੈ?

ਉ 2: ਗੋਲੇ ਦੇ ਅੱਧੇ ਗੋਲੇ ਨੂੰ ਗੋਲਾ ਅਰਧ ਆਖਦੇ ਹਨ।

ਪ੍ਰ 3: ਅਕਸ਼ਾਂਸ਼ ਵਿਥਕਾਰ ਕੀ ਹੈ?

ਉ 3: ਗਲੋਬ ਉੱਤੇ ਪੂਰਬ ਤੋਂ ਪੱਛਮ ਦਿਸ਼ਾ ਵਿੱਚ ਖਿੱਚੀਆਂ ਗਈਆਂ ਕਲਪਿਤ ਰੇਖਾਵਾਂ ਨੂੰ ਅਕਸ਼ਾਂਸ਼ ਆਖਦੇ ਹਨ।

**5 ਅੰਕ ਵਾਲੇ ਪ੍ਰਸ਼ਨ:**

ਪ੍ਰ 1: ਸਥਾਨਕ ਅਤੇ ਪ੍ਰਮਾਣਿਕ ਸਮੇਂ ਵਿੱਚ ਅੰਤਰ ਦੱਸੋ।

ਉ 1: ਕਿਸੇ ਦੇਸ਼ ਵਿੱਚ ਸਥਾਨਕ ਸਮਾਂ ਵੱਖ-ਵੱਖ ਸਥਾਨਾਂ ਲਈ ਵੱਖ-ਵੱਖ ਹੁੰਦਾ ਹੈ ਅਤੇ ਪ੍ਰਮਾਣਿਕ ਸਮਾਂ ਸਾਰੇ ਦੇਸ਼ ਲਈ ਇੱਕੋ ਹੁੰਦਾ ਹੈ।

ਪ੍ਰ 2: ਤਾਪਖੰਡ ਦੀ ਵੰਡ ਬਾਰੇ ਦੱਸੋ।

ਉ 2: ਅਕਸ਼ਾਂਸ਼ ਦੀ ਸਹਾਇਤਾ ਨਾਲ ਧਰਤੀ ਨੂੰ ਤਿੰਨ ਤਾਪ- ਖੰਡਾਂ ਵਿੱਚ ਵੰਡਿਆ ਗਿਆਂ ਹੈ। ਊਸ਼ਣ ਤਾਪ- ਖੰਡ, ਸਮਸ਼ੀਤ-ਊਸ਼ਣ ਤਾਪ-ਖੰਡ ਅਤੇ ਸ਼ੀਤ- ਖੰਡ।

## <u>ਪਾਠ 3</u>
## <u>ਧਰਤੀ ਦੀਆਂ ਗਤੀਆਂ</u>
## <u>Motions of the Earth</u>

1. ਸੂਰਜ ਖੜਾ ਹੈ ਅਤੇ ਧਰਤੀ ਘੁੰਮਦੀ ਹੈ ਦੀ ਖੋਜ ਕਿਸ ਨੇ ਕੀਤੀ?
   (ੳ) ਨੀਲ ਆਰਮਸਟਰੋਂਗ (ਅ) ਗੈਲੀਲਿਓ (ੲ) ਕੌਪਰਨਿਕਸ (ਸ) **ਗੈਲੀਲਿਓ ਅਤੇ ਕੌਪਰਨਿਕਸ**
2. ਧਰਤੀ ਦੀ ਕਿੰਨੀ ਗਤੀਆਂ ਹਨ?
   (ੳ) 3 (ਅ) **2** (ੲ) 4 (ਸ) 1
3. ਧਰਤੀ ਦੀ ਆਪਣੇ ਧੁਰੇ ਦੁਆਲੇ ਇੱਕ ਦਿਨ ਵਿੱਚ ਮੁਕੰਮਲ ਹੋਣ ਵਾਲੀ ਗਤੀ ਨੂੰ ਕੀ ਆਖਦੇ ਹਨ?
   (ੳ) ਸਿੱਧੀ ਗਤੀ (ਅ) ਵਾਰਸ਼ਿਕ ਗਤੀ (ੲ) **ਦੈਨਿਕ ਗਤੀ** (ਸ) ਧੁਰਾਗਤੀ
4. ਧਰਤੀ ਆਪਣਾ ਚੱਕਰ ਕਿਸ ਦਿਸ਼ਾ ਵਿੱਚ ਪੂਰਾ ਕਰਦੀ ਹੈ?
   (ੳ) ਉੱਤਰ ਤੋਂ ਦੱਖਣ (ਅ) ਦੱਖਣ ਤੋਂ ਪੱਛਮ (ੲ) ਪੂਰਬ ਤੋਂ ਪੱਛਮ (ਸ) **ਪੱਛਮ ਤੋਂ ਪੂਰਬ**
5. ਦਿਨ ਅਤੇ ਰਾਤ ਬਣਨ ਦਾ ਕੀ ਅਰਥ ਹੈ?
   (ੳ) **ਦੈਨਿਕ ਗਤੀ** (ਅ) ਵਾਰਸ਼ਿਕ ਗਤੀ (ੲ) ਜਲ ਸਮੀਰ (ਸ) ਥਲ ਸਮੀਰ
6. ਧਰਤੀ ਸੂਰਜ ਦੁਆਲੇ ਚੱਕਰ ਕਿੰਨੇ ਦਿਨਾਂ ਵਿੱਚ ਪੂਰਾ ਕਰਦੀ ਹੈ?
   (ੳ) 365 (ਅ) **365 ਦਿਨ ਅਤੇ 6 ਘੰਟੇ** (ੲ) 365 ਦਿਨ ਅਤੇ 5 ਘੰਟੇ (ਸ) 365 ਦਿਨ ਅਤੇ $5^{1/2}$ ਘੰਟੇ
7. ਲੀਪ ਦੇ ਸਾਲ ਵਿੱਚ ਫਰਵਰੀ ਮਹੀਨੇ ਵਿੱਚ ਕਿੰਨੇ ਦਿਨ ਹੁੰਦੇ ਹਨ?
   (ੳ) 28 (ਅ) **29** (ੲ) 27 (ਸ) 30
8. 21 ਜੂਨ ਨੂੰ ਸੂਰਜ ਦੀਆਂ ਕਿਰਨਾਂ ਕਿੱਥੇ ਸਿੱਧੀਆਂ ਪੈਂਦੀਆਂ ਹਨ?
   (ੳ) **ਕਰਕ ਰੇਖਾ ਤੇ** (ਅ) ਮਕਰ ਰੇਖਾ ਤੇ (ੲ) ਉੱਤਰੀ ਧੁਰੇ ਤੇ (ਸ) ਦੱਖਣੀ ਧੁਰੇ ਤੇ
9. 22 ਦਸੰਬਰ ਨੂੰ ਸੂਰਜ ਦੀਆਂ ਕਿਰਨਾਂ ਕਿੱਥੇ ਸਿੱਧੀਆਂ ਪੈਂਦੀਆਂ ਹਨ?
   (ੳ) ਉੱਤਰੀ ਧੁਰੇ ਤੇ (ਅ) ਕਰਕ ਰੇਖਾ ਤੇ (ੲ) ਦੱਖਣੀ ਧੁਰੇ ਤੇ (ਸ) **ਮਕਰ ਰੇਖਾ ਤੇ**
10. ਉਹ ਸਮਾਂ ਜਦੋਂ ਸੂਰਜ ਦੀਆਂ ਕਿਰਨਾਂ ਭੂ-ਮੱਧ ਰੇਖਾ ਤੇ ਸਿੱਧੀਆਂ ਪੈਂਦੀਆਂ ਹਨ ਤੇ ਦਿਨ ਰਾਤ ਦੀ ਲੰਬਾਈ ਬਰਾਬਰ ਹੁੰਦੀ ਹੈ, ਨੂੰ ਕੀ ਆਖਦੇ ਹਨ?
    (ੳ) ਵਾਰਸ਼ਿਕ ਗਤੀ (ਅ) ਦੈਨਿਕ ਗਤੀ (ੲ) ਅਯਨਾਂਤ (ਸ) **ਵਿਸੂਵੀ**

**ਖਾਲੀ ਥਾਵਾਂ ਭਰੋ:**

1. ਧਰਤੀ <u>**ਪੱਛਮ**</u> ਦਿਸ਼ਾ ਤੋਂ <u>**ਪੂਰਬ**</u> ਦਿਸ਼ਾ ਵੱਲ ਘੁੰਮਦੀ ਹੈ। **(ਪੱਛਮ ਪੂਰਬ, ਪੂਰਬ ਪੱਛਮ)**
2. <u>**ਧਰਤੀ ਦਾ ਧੁਰਾ**</u> ਇੱਕ ਕਲਪਿਤ ਕਿੱਲੀ ਹੈ ਜਿਸ ਦੇ ਦੁਆਲੇ ਧਰਤੀ ਘੁੰਮਦੀ ਹੈ। **(ਧਰਤੀ ਦਾ ਧੁਰਾ, ਭੂ-ਮੱਧ ਰੇਖਾ)**
3. ਧਰਤੀ ਆਪਣੇ ਨਿਸ਼ਚਿਤ ਗ੍ਰਹਿ ਪੱਥ 'ਤੇ ਸੂਰਜ ਦੇ ਦੁਆਲੇ ਚੱਕਰ ਕੱਟਦੀ ਹੈ, ਨੂੰ <u>**'ਪਰਿਕਰਮਾ'**</u> ਆਖਦੇ ਹਨ। **( ਧੁਰਾ, ਪਰਿਕਰਮਾ,ਗ੍ਰਹਿ)**
4. <u>**ਧਰੁਵਾਂ ਤੇ**</u> ਖੇਤਰਾਂ ਵਿੱਚ ਛੇ ਮਹੀਨੇ ਦਾ ਦਿਨ ਅਤੇ ਛੇ ਮਹੀਨੇ ਦੀ ਰਾਤ ਹੁੰਦੀ ਹੈ। **(ਧਰੁਵਾਂ ਤੇ, ਕਰਕ ਰੇਖਾ ਤੇ)**
5. <u>**23 ਸਤੰਬਰ**</u> ਨੂੰ ਉੱਤਰੀ ਅਰਧ ਗੋਲੇ ਵਿੱਚ ਪਤਝੜ ਹੁੰਦੀ ਹੈ, ਇਸ ਕਰਕੇ ਇਸ ਨੂੰ ਪਤਝੜ ਵਿਸੂਵੀ ਆਖਦੇ ਹਨ। **(23 ਸਤੰਬਰ, 21 ਮਾਰਚ)**
6. <u>**21 ਮਾਰਚ**</u> ਨੂੰ ਉੱਤਰੀ ਅਰਧ ਗੋਲੇ ਵਿੱਚ ਬਸੰਤ ਰੁੱਤ ਸ਼ੁਰੂ ਹੁੰਦੀ ਹੈ ਇਸ ਲਈ ਇਸ ਦਿਨ ਨੂੰ ਬਸੰਤ ਵਿਸੂਵੀ ਆਖਦੇ ਹਨ। **(23 ਸਤੰਬਰ, 21 ਮਾਰਚ)**

**ਸਹੀ ਜਾਂ ਗਲਤ:**

1. ਸੂਰਜ ਪੂਰਬ ਵਿੱਚ ਨਿਕਲਦਾ ਹੈ ਅਤੇ ਪੱਛਮ ਵਿੱਚ ਛੁਪਦਾ ਹੈ। **(ਸਹੀ)**
2. ਦਿਨ ਅਤੇ ਰਾਤ ਹਮੇਸ਼ਾਂ ਬਰਾਬਰ ਹੁੰਦੇ ਹਨ। **(ਗਲਤ)**
3. 21 ਜੂਨ ਨੂੰ ਦੱਖਣੀ ਧਰੁਵ ਤੇ ਲਗਾਤਾਰ ਹਨੇਰਾ ਹੁੰਦਾ ਹੈ। **(ਸਹੀ)**

4. ਲੀਪ ਦੇ ਸਾਲ ਵਿੱਚ ਫ਼ਰਵਰੀ ਮਹੀਨਾ 29 ਦਿਨਾਂ ਦਾ ਹੁੰਦਾ ਹੈ। **(ਸਹੀ)**

**3 ਅੰਕ ਵਾਲੇ ਪ੍ਰਸ਼ਨ:**

ਪ੍ਰ 1: ਰੁੱਤਾਂ ਬਣਨ ਦਾ ਕੀ ਕਾਰਨ ਹੈ?

ਉ 1: ਧਰਤੀ ਦੀ ਵਾਰਸ਼ਿਕ ਗਤੀ।

**5 ਅੰਕ ਵਾਲੇ ਪ੍ਰਸ਼ਨ:**

ਪ੍ਰ 1: ਵਿਸੂਵੀ ਕੀ ਹੈ?

ਉ 1: ਉਹ ਸਮਾਂ ਜਦੋਂ ਸੂਰਜ ਦੀਆਂ ਕਿਰਨਾਂ ਭੂ-ਮੱਧ ਰੇਖਾ ਤੇ ਸਿੱਧੀਆਂ ਪੈਂਦੀਆਂ ਹਨ ਤੇ ਦਿਨ ਰਾਤ ਦੀ ਲੰਬਾਈ ਬਰਾਬਰ ਹੁੰਦੀ ਹੈ।

ਪ੍ਰ 2: ਉਸ਼ਣ ਅਯਨਾਂਤ ਕੀ ਹੈ?

ਉ 2: 21 ਜੂਨ ਦੀ ਸਥਿਤੀ ਜਦੋਂ ਸੂਰਜ ਕਰਕ ਰੇਖਾ ਤੇ ਸਿੱਧਾ ਚਮਕਦਾ ਹੈ ਨੂੰ ਉਸ਼ਣ ਅਯਨਾਂਤ ਆਖਦੇ ਹਨ।

ਪ੍ਰ 3: ਸ਼ੀਤ ਅਯਨਾਂਤ ਕੀ ਹੈ?

ਉ 3: ਜਦੋਂ ਸੂਰਜ ਮਕਰ ਰੇਖਾ ਤੇ ਚਮਕਦਾ ਹੈ ਤਾਂ ਇਸ ਨੂੰ ਸ਼ੀਤ ਅਯਨਾਂਤ ਆਖਦੇ ਹਨ।

## ਪਾਠ 4
## ਨਕਸ਼ੇ ਸਾਡੇ ਕਿਵੇਂ ਮਦਦਗਾਰ
## How Maps help us

1. ਉਹ ਨਕਸ਼ੇ ਜੋ ਲੜਾਈਆਂ, ਸਭਿਆਤਾਵਾਂ ਦਾ ਵਿਸਤਾਰ, ਮੱਹਤਵਪੂਰਨ ਯਾਤਰਾਵਾਂ ਆਦਿ ਦਾ ਅਧਿਐਨ ਕਰਨ ਲਈ ਵਰਤੇ ਜਾਂਦੇ ਹਨ, ਨੂੰ ਕੀ ਆਖਦੇ ਹਨ?
   (ੳ) ਭੌਤਿਕ ਨਕਸ਼ੇ (ਅ) ਐਟਲੈਸ ਨਕਸ਼ੇ (ੲ) ਵੰਡ ਸੰਬੰਧੀ ਨਕਸ਼ੇ (ਸ) **ਇਤਿਹਾਸਿਕ ਨਕਸ਼ੇ**
2. ਨਕਸ਼ੇ ਉੱਤੇ ਨੀਲੀ ਮੋਟੀ ਰੇਖਾ ਕੀ ਦਰਸਾਉਂਦੀ ਹੈ?
   (ੳ) ਬਿਜਲੀ ਘਰ (ਅ) ਪਹਾੜ (ੲ)**ਨਦੀਆਂ** (ਸ) ਰੇਲ ਸੁਰੰਗ
3. ਨਕਸ਼ੇ ਦਾ ਉਹ ਤੱਤ ਜੋ ਕਿ ਵਾਸਤਵਿਕ ਦੂਰੀ ਅਤੇ ਨਕਸ਼ੇ ਉੱਤੇ ਦੂਰੀ ਵਿੱਚ ਸਬੰਧ ਨੂੰ ਦਰਸਾਉਂਦਾ ਹੈ।
   (ੳ) ਗਰਿਡ ਲਾਈਨ (ਅ) ਦਿਸ਼ਾ (ੲ) **ਪੈਮਾਨਾ** (ਸ) ਦੂਰੀ
4. "Compass" ਦੀ ਵਰਤੋਂ ਕੀਤੀ ਜਾਂਦੀ ਹੈ?
   (ੳ) ਚੰਨ ਦੀ ਗਤੀ (ਅ) ਧਰਤੀ ਦੀ ਗਤੀ (ੲ) **ਦਿਸ਼ਾ** (ਸ) ਦੂਰੀ
5. ਭੌਤਿਕ ਨਕਸ਼ੇ ਦੀ ਵਰਤੋਂ ਕੀ ਦਰਸਾਉਣ ਲਈ ਕੀਤੀ ਜਾਂਦੀ ਹੈ?
   (ੳ) ਵਰਖਾ (ਅ) **ਪਹਾੜ ਅਤੇ ਨਦੀਆਂ** (ੲ) ਵਾਤਾਵਰਣ (ਸ) ਰੇਲਵੇ ਲਾਈਨ

**ਖਾਲੀ ਥਾਵਾਂ ਭਰੋ:**

1. ਪਰਬਤਾਂ ਨੂੰ ਭੂਰੇ ਰੰਗ ਨਾਲ ਦਰਸਾਇਆ ਜਾਂਦਾ ਹੈ। **(ਭੂਰੇ, ਪੀਲੇ)**
2. ਮੈਦਾਨਾਂ ਨੂੰ ਹਰੇ ਰੰਗ ਨਾਲ ਦਰਸਾਇਆ ਜਾਂਦਾ ਹੈ। **(ਨੀਲੇ, ਹਰੇ)**
3. ਉੱਚੀਆਂ ਥਾਵਾਂ ਨੂੰ ਪੀਲੇ ਰੰਗ ਨਾਲ ਦਰਸਾਇਆ ਜਾਂਦਾ ਹੈ। **(ਪੀਲੇ, ਚਿੱਟੇ)**

**3 ਅੰਕ ਵਾਲੇ ਪ੍ਰਸ਼ਨ:**

ਪ੍ਰ 1: ਨਕਸ਼ਾ ਕੀ ਹੈ?
ਤੁ 1: ਨਕਸ਼ਾ ਪੂਰੀ ਧਰਤੀ ਦਾ ਜਾਂ ਕੁਝ ਕੁ ਭਾਗ ਦਾ, ਪੈਮਾਨੇ ਅਨੁਸਾਰ, ਪੱਧਰ ਤੇ ਖਿੱਚਿਆ ਹੋਇਆ ਰੂਪ ਹੈ।
ਪ੍ਰ 2: ਵੱਖ-ਵੱਖ ਕਿਸਮਾਂ ਦੇ ਨਕਸ਼ਿਆਂ ਦੀ ਸੂਚੀ ਬਣਾਓ।
ਉ 2: ਭੌਤਿਕ ਨਕਸ਼ੇ, ਇਤਿਹਾਸਕ ਨਕਸ਼ੇ, ਵੰਡ ਸਬੰਧੀ ਨਕਸ਼ੇ, ਸਥਲ-ਆਕ੍ਰਿਤੀ ਨਕਸ਼ੇ, ਐਟਲੈਸ ਨਕਸ਼ੇ, ਦੀਵਾਰ ਨਕਸ਼ੇ, ਰਾਜਨੀਤਿਕ ਨਕਸ਼ੇ।
ਪ੍ਰ 3: ਨਕਸ਼ਿਆਂ ਦੇ ਕਿਹੜੇ ਥੰਮ੍ਹ ਹਨ?
ਉ 3: ਦੂਰੀ, ਦਿਸ਼ਾ ਅਤੇ ਪ੍ਰਮਾਣਿਕ ਚਿੰਨ੍ਹ ਨਕਸ਼ਿਆਂ ਦੇ ਥੰਮ੍ਹ ਹਨ।

**5 ਅੰਕ ਵਾਲੇ ਪ੍ਰਸ਼ਨ:**

ਪ੍ਰ 1: ਨਕਸ਼ਿਆਂ ਦੀ ਮਹੱਤਤਾ ਦੱਸੋ।
ਉ 1: (ੳ) ਨਕਸ਼ਿਆਂ ਦੀ ਮਦਦ ਨਾਲ ਅਸੀਂ ਇੱਕ ਥਾਂ ਦੀ ਦੂਸਰੀ ਥਾਂ ਨਾਲੋਂ ਦੂਰੀ, ਸਮਾਂ ਅਤੇ ਸਥਿਤੀ ਬਾਰੇ ਅਸਾਨੀ ਨਾਲ ਪਤਾ ਕਰ ਸਕਦੇ ਹਨ।
(ਅ) ਨਕਸ਼ਿਆਂ ਦੀ ਮਦਦ ਨਾਲ ਵਪਾਰਕ ਕੇਂਦਰ, ਸੜਕਾਂ ਅਤੇ ਰੇਲਾਂ ਦੇ ਰਸਤੇ, ਜਮੀਨ ਦੀ ਢਲਾਣ, ਦਰਿਆਂ ਅਤੇ ਭੌਤਿਕ ਲੱਛਣ ਅਸਾਨੀ ਨਾਲ ਪਤਾ ਲਗਾ ਸਕਦੇ ਹਾਂ।
ਪ੍ਰ 2: ਪ੍ਰਮਾਣਿਕ ਚਿੰਨ੍ਹਾਂ ਬਾਰੇ ਤੁਸੀ ਕੀ ਜਾਣਦੇ ਹੋ?
ਉ 2: ਪ੍ਰਮਾਣਿਕ ਚਿੰਨ੍ਹ ਚਿੱਤਰ-ਕਸ਼ੀ ਚਿੰਨ੍ਹ ਹੁੰਦੇ ਹਨ ਜਿਨ੍ਹਾਂ ਦੁਆਰਾ ਅਸੀ ਧਰਤੀ ਦੀਆਂ ਨਕਸ਼ੇ ਤੇ ਕੁਦਰਤੀ ਆਕ੍ਰਿਤੀਆਂ ਅਤੇ ਮਨੁੱਖ ਦੁਆਰਾ ਬਣਾਈਆਂ ਆਕ੍ਰਿਤੀਆਂ ਦਾ ਅਧਿਐਨ ਕਰ ਸਕਦੇ ਹਾਂ।

## ਪਾਠ 5
## ਧਰਤੀ ਦੇ ਪਰਿਮੰਡਲ
## Realms of the Earth

**ਖਾਲੀ ਥਾਵਾਂ ਭਰੋ:**

1. ਆਸਟਰੇਲੀਆ ਸੱਭ ਤੋਂ ਛੋਟਾ ਮਹਾਂਦੀਪ ਹੈ। **(ਆਸਟਰੇਲੀਆ, ਅਫਰੀਕਾ)**
2. ਅਫਰੀਕਾ ਦੂਸਰੇ ਨੰਬਰ ਤੇ ਵੱਡਾ ਮਹਾਂਦੀਪ ਹੈ। **(ਏਸ਼ੀਆ, ਅਫਰੀਕਾ)**
3. ਆਰਕਟਿਕ ਸਾਗਰ ਨੇ ਉੱਤਰੀ ਧਰੁਵ ਚੁਫੇਰਿਓ ਘੇਰਿਆ ਹੈ। **(ਉੱਤਰੀ, ਦੱਖਣੀ)**
4. ਦੱਖਣੀ ਮਹਾਂਸਾਗਰ ਨੇ ਅੰਟਾਰਕਟਿਕ ਮਹਾਂਦੀਪ ਨੂੰ ਘੇਰਿਆ ਹੋਇਆ ਹੈ। **(ਉੱਤਰੀ ਅਮਰੀਕਾ, ਅੰਟਾਰਕਟਿਕ)**
5. ਧਰਤੀ ਦਾ 2/3 ਪਾਣੀ ਨੇ ਘੇਰਿਆ ਹੋਇਆ ਹੈ। **(ਪਾਣੀ, ਥਲ)**

**ਸਹੀ ਮਿਲਾਣ ਕਰੋ:**

| | |
|---|---|
| 1. ਮਹਾਂਦੀਪ | ੳ. ਆਰਕਟੀਕ |
| 2. ਭੂ-ਰੂਪ | ਅ. ਜੀਵ-ਮੰਡਲ |
| 3. ਜੀਵਨ | ੲ. ਅੰਟਾਰਕਟਿਕ |
| 4. ਮਹਾਂਸਾਗਰ | ਸ. ਪਠਾਰ |
| 5. ਪਹਾੜ | ਹ. ਉੱਤਰੀ ਅਮਰੀਕਾ ਦੀ ਐਪਲੇਸ਼ੀਅਨ |
| 6. ਪਠਾਰ | ਕ. ਅਫਰੀਕਾ ਦੀ ਐਟਲਸ |

ਉੱਤਰ

| | |
|---|---|
| 1. ਮਹਾਂਦੀਪ | ੳ. ਅੰਟਾਰਕਟਿਕ |
| 2. ਭੂ-ਰੂਪ | ਅ. ਪਠਾਰ |
| 3. ਜੀਵਨ | ੲ. ਜੀਵ-ਮੰਡਲ |
| 4. ਮਹਾਂਸਾਗਰ | ਸ. ਆਰਕਟੀਕ |
| 5. ਪਹਾੜ | ਹ. ਅਫਰੀਕਾ ਦੀ ਐਟਲਸ |
| 6. ਪਠਾਰ | ਕ. ਉੱਤਰੀ ਅਮਰੀਕਾ ਦੀ ਐਪਲੇਸ਼ੀਅਨ |

**3 ਅੰਕ ਵਾਲੇ ਪ੍ਰਸ਼ਨ:**

ਪ੍ਰ 1: ਥਲ ਮੰਡਲ ਕੀ ਹੈ?
ਉ 1: ਧਰਤੀ ਦਾ ਪਰਿਮੰਡਲ ਜੋ ਸਖਤ, ਪੇਪੜੀ ਜਾਂ ਚਟਾਨ ਦਾ ਬਣਿਆ ਹੈ।
ਪ੍ਰ 2: ਜਲ ਮੰਡਲ ਕੀ ਹੈ?
ਉ 2: ਧਰਤੀ ਦਾ ਪਰਿਮੰਡਲ, ਜੋ ਪਾਣੀ ਦਾ ਬਣਿਆ ਹੈ।
ਪ੍ਰ 3: ਵਾਯੂਮੰਡਲ ਕੀ ਹੈ?
ਉ 3: ਹਵਾ ਜਿਸ ਨੇ ਧਰਤੀ ਨੂੰ ਚੁਫੇਰਿਓ ਲਪੇਟਿਆ ਹੈ।
ਪ੍ਰ 4: ਧਰਤੀ ਦੇ ਮੁੱਖ ਭੂ-ਰੂਪਾਂ ਦੇ ਨਾਂ ਦੱਸੋ?
ਉ 4: ਪਹਾੜ, ਪਠਾਰ ਅਤੇ ਮੈਦਾਨ।
ਪ੍ਰ 5: ਮਹਾਂਦੀਪਾਂ ਤੋਂ ਕੀ ਭਾਵ ਹੈ?
ਉ 5: ਉਹ ਵੱਡੇ-ਵੱਡੇ ਧਰਤ ਟੁੱਕੜੇ ਹਨ ਜਿਹੜੇ ਮਹਾਂਸਾਗਰ ਅਤੇ ਸਾਗਰਾਂ ਰਾਹੀਂ ਅਲੱਗ ਹੁੰਦੇ ਹਨ।

ਪ੍ਰ 6: ਦੀਪ ਕੀ ਹੈ?
ਉ 6: ਇੱਕ ਛੋਟਾ ਧਰਤ ਟੁਕੜਾ ਜੋ ਕਿ ਚੁਫ਼ਰਿਓਂ ਪਾਣੀ ਨਾਲ ਘਿਰਿਆ ਹੁੰਦਾ ਹੈ।

**5 ਅੰਕ ਵਾਲੇ ਪ੍ਰਸ਼ਨ:**

ਪ੍ਰ 1: ਜੀਵ ਮੰਡਲ ਕੀ ਹੈ?
ਉ 1: ਧਰਤੀ ਦੇ ਤਿੰਨ ਪਰਿਮੰਡਲ ਜਲ, ਥਲ ਅਤੇ ਹਵਾ ਇੱਕ ਦੂਜੇ ਨਾਲ ਸੰਕੀਰਨ ਪੱਟੀ ਦੇ ਰੂਪ ਵਿੱਚ ਸੰਪਰਕ ਵਿੱਚ ਆਉਂਦੇ ਹਨ। ਇਸ ਸੰਕੀਰਨ ਸੰਪਰਕ ਪੱਟੀ ਨੂੰ 'ਜੀਵ ਮੰਡਲ' ਆਖਦੇ ਹਨ।
ਪ੍ਰ 2: ਧਰਤੀ ਤੇ ਕਿੰਨੇ ਮਹਾਂਦੀਪ ਹਨ? ਇਹਨਾਂ ਦੇ ਨਾਮ ਲਿਖੋ।
ਉ 2: ਧਰਤੀ ਤੇ ਕੁੱਲ ਸੱਤ ਮਹਾਂਦੀਪ ਹਨ:

1. ਏਸ਼ੀਆ 2. ਅਫਰੀਕਾ 3. ਉੱਤਰੀ ਅਮਰੀਕਾ 4. ਦੱਖਣੀ ਅਮਰੀਕਾ 5. ਯੂਰਪ
6. ਅੰਟਾਰਕਟੀਕਾ 7. ਆਸਟਰੇਲੀਆ।

ਪ੍ਰ 3: ਧਰਤੀ ਤੇ ਕਿੰਨੇ ਮਹਾਂਸਾਗਰ ਹਨ? ਇਹਨਾਂ ਦੇ ਨਾਮ ਲਿਖੋ।
ਉ 3: ਧਰਤੀ ਤੇ ਕੁੱਲ 4 ਮਹਾਂਸਾਗਰ ਹਨ:

1. ਸ਼ਾਂਤ ਮਹਾਂਸਾਗਰ 2. ਅੰਧ ਮਹਾਂਸਾਗਰ 3. ਹਿੰਦ ਮਹਾਂਸਾਗਰ 4. ਆਰਕਟਿਕ ਮਹਾਂਸਾਗਰ

ਪ੍ਰ 4: ਪਹਾੜ ਕੀ ਹਨ?
ਉ 4: ਪਹਾੜ ਉਹ ਥਲ ਰੂਪ ਹਨ ਜੋ ਆਪਣੇ ਆਲੇ-ਦੁਆਲੇ ਸਥਲ ਤੋਂ ਉੱਚੇ, ਵੱਖੀਆਂ ਤੋਂ ਢਲਾਣਦਾਰ ਅਤੇ ਉਪਰਲੇ ਸਿਰਿਆਂ ਤੋਂ ਤਿਕੋਣੇ ਹੁੰਦੇ ਹਨ।
ਪ੍ਰ 5: ਪਠਾਰ ਕੀ ਹਨ?
ਉ 5: ਪਠਾਰ ਆਪਣੇ ਆਲੇ-ਦੁਆਲੇ ਦੇ ਖੇਤਰ ਤੋਂ ਇੱਕ ਦਮ ਉੱਚੇ ਅਤੇ ਪੱਧਰੇ ਸਿਖਰਾਂ ਵਾਲੇ ਭੂ-ਰੂਪ ਹਨ।

## ਪਾਠ 6

## ਸਾਡਾ ਭਾਰਤ: ਸੰਸਾਰ ਵਿੱਚ

## Our India: In World

1. ਭਾਰਤ ਦਾ ਖੇਤਰਫਲ ਕਿੰਨਾ ਹੈ?
   (ੳ) **ਲਗਭਗ 328 ਲੱਖ ਵ. ਕਿ.ਮੀ.** (ਅ) ਲਗਭਗ 31 ਲੱਖ ਵ. ਕਿ.ਮੀ. (ੲ) ਲਗਭਗ 35 ਵ. ਕਿ.ਮੀ.
   (ਸ) ਲਗਭਗ 34 ਲੱਖ ਵ. ਕਿ.ਮੀ.
2. ਭਾਰਤ, ਸੰਸਾਰ ਦਾ ਖੇਤਰਫਲ ਪੱਖੋਂ ਕਿਨਵਾਂ ਦੇਸ਼ ਹੈ?
   (ੳ) 5 (ਅ) 6 (ੲ) **7** (ਸ) 8
3. ਦੱਖਣੀ ਹਿਮਾਲਾ ਨੂੰ ਕੀ ਕਹਿੰਦੇ ਹਨ?
   (ੳ) **ਸ਼ਿਵਾਲਿਕ** (ਅ) ਹਿਮਾਦ੍ਰੀ (ੲ) ਦੂਨ (ਸ) ਹਿਮਾਚਲ
4. ਪਾਕ ਜਲਸੰਧੀ _______ ਦੇਸ਼ ਵਿਚਕਾਰ ਹੈ।
   (ੳ) ਸ਼੍ਰੀਲੰਕਾ ਅਤੇ ਮਾਲਦੀਵ (ਅ) ਭਾਰਤ ਅਤੇ ਮਾਲਦੀਵ (ੲ) **ਭਾਰਤ ਅਤੇ ਸ਼੍ਰੀਲੰਕਾ** (ਸ) ਭਾਰਤ ਅਤੇ ਪਾਕਿਸਤਾਨ
5. ਭਾਰਤ ਦੀ ਸਭ ਤੋਂ ਪੁਰਾਣੀ ਪਰਬਤ ਲੜੀ _____ ਹੈ।
   (ੳ) **ਅਰਾਵਲੀ** (ਅ) ਪੱਛਮੀ ਤੱਟ (ੲ) ਹਿਮਾਲਾ (ਸ) ਡਲਹੌਜੀ

**ਖਾਲੀ ਥਾਵਾਂ ਭਰੋ:**

1. ਆਕਾਰ ਦੇ ਅਨੁਸਾਰ ਭਾਰਤ ਦਾ ਸੱਭ ਤੋਂ ਵੱਡਾ ਰਾਜ ਰਾਜਸਥਾਨ ਹੈ। **(ਰਾਜਸਥਾਨ, ਮੱਧ ਪ੍ਰਦੇਸ਼)**
2. ਗੋਆ ਭਾਰਤ ਦਾ ਸੱਭ ਤੋਂ ਛੋਟਾ ਰਾਜ ਹੈ। **( ਸਿੱਕਿਮ, ਗੋਆ)**
3. ਇੰਦਰਾ ਪੁਆਇੰਟ ਭਾਰਤ ਦੇ ਬਿਲਕੁਲ ਦੱਖਣੀ ਸਿਰੇ ਤੇ ਹੈ। **(ਦੱਖਣੀ, ਉਤੱਰੀ)**
4. ਕਸ਼ਮੀਰ ਤੋਂ ਕੰਨਿਆਕੁਮਾਰੀ ਤੱਕ ਭਾਰਤ ਇੱਕ ਹੈ। **(ਕੰਨਿਆਕੁਮਾਰੀ, ਕੇਰਲ)**
5. ਭਾਰਤ $8^0$ 4' ਉਤੱਰ ਤੋਂ $37^0$ 6'ਉਤੱਰ ਅਕਸ਼ਾਂਸ਼ ਤੱਕ ਫੈਲਿਆ ਹੋਇਆ ਹੈ। **($8^0$ 4', $37^0$ 6')($8^0$,$37^0$)**
6. ਭਾਰਤ ਏਸ਼ੀਆ ਦੇ ਦੱਖਣੀ ਭਾਗ ਵਿੱਚ ਸਥਿਤ ਹੈ। **(ਦੱਖਣੀ, ਉਤੱਰੀ)**
7. ਭਾਰਤ ਦੀ ਮੁੱਖ ਧਰਤੀ ਦੀ ਤੱਟ ਰੇਖਾ ਲਗਭਗ 6100 ਕਿਲੋਮੀਟਰ ਹੈ। **(7100,6100)**
8. ਭਾਰਤ 29 ਰਾਜਾਂ ਅਤੇ 7 ਕੇਂਦਰ ਸ਼ਾਸਤ ਰਾਜਾਂ ਵਿੱਚ ਵੰਡਿਆ ਹੈ। **(28,7)(29,7)**
9. ਸੰਸਾਰ ਦੀ ਸੱਭ ਤੋਂ ਉੱਚੀ ਪਰਬਤ ਚੋਟੀ ਨੇਪਾਲ ਵਿੱਚ ਸਥਿਤ ਹੈ। **(ਭਾਰਤ, ਨੇਪਾਲ)**
10. ਰਾਵੀ ਅਤੇ ਬਿਆਸ ਵਿਚਾਲੇ ਖੇਤਰਾਂ ਨੂੰ ਬਾਰੀ ਦੁਆਬ ਆਖਦੇ ਹਨ। **(ਬਾਰੀ ਦੁਆਬ, ਬਿਸਤ ਦੁਆਬ)**

**ਸਹੀ ਜਾਂ ਗਲਤ:**

1. ਭਾਰਤ $8^0$ 4' ਉਤੱਰ ਤੋਂ $37^0$ 6'ਉਤੱਰ ਅਕਸ਼ਾਂਸ਼ ਤੱਕ ਫੈਲਿਆ ਹੋਇਆ ਹੈ। **(ਸਹੀ)**
2. ਭਾਰਤ ਦੀ ਦਿਸ਼ਾਂਤਰ ਸਥਿਤੀ ਜਾਂ ਇਸ ਦੀ ਚੌੜਾਈ $68^0$7' ਪੂਰਬ ਤੋਂ $97^0$25' ਪੂਰਬ ਹੈ। **(ਸਹੀ)**
3. ਭਾਰਤ ਦੀ ਮੁੱਖ ਧਰਤੀ ਦੀ ਤੱਟ ਰੇਖਾ ਲਗਭਗ 1600 ਕਿਲੋਮੀਟਰ ਹੈ। **(ਗਲਤ)**
4. ਭਾਰਤ 28 ਰਾਜਾਂ ਅਤੇ 7 ਕੇਂਦਰ ਸ਼ਾਸਤ ਰਾਜਾਂ ਵਿੱਚ ਵੰਡਿਆ ਹੈ। **(ਗਲਤ)**

**ਸਹੀ ਮਿਲਾਣ ਕਰੋ:**

| | |
|---|---|
| 1. ਅੰਡੇਮਾਨ ਅਤੇ ਨਿਕੋਬਾਰ | ੳ. ਸਾਡੇ ਪੂਰਬੀ ਗੁਆਂਢੀ **(3)** |
| 2. ਮਾਲਦੀਵ | ਅ. ਦੱਖਣ ਵੱਲ ਦੇ ਗੁਆਂਢੀ **(2)** |
| 3. ਮਿਆਂਮਾਰ | ੲ. ਭਾਰਤ ਦਾ ਦੀਪ ਸਮੂਹ **(1)** |
| 4. ਸ਼੍ਰੀਲੰਕਾ | ਸ. ਸਮੁੰਦਰੀ ਹੱਦ ਨਾਲ ਜੁੜਿਆ ਦੇਸ਼ **(4)** |
| 5. ਮਾਉਂਟ ਐਵਰੈਸਟ | ਹ. ਸਤਲੁਜ ਅਤੁ ਘੱਗਰ ਦਰਿਆ ਦੇ ਵਿਚਕਾਰਲੇ ਭਾਗ **(7)** |
| 6. ਕੰਚਨ ਜੰਗਾ | ਕ. ਨੇਪਾਲ **(5)** |
| 7. ਮਾਲਵੇ ਦਾ ਮੈਦਾਨ | ਖ. ਭਾਰਤ **(6)** |

**3 ਅੰਕ ਵਾਲੇ ਪ੍ਰਸ਼ਨ:**

ਪ੍ਰ 1: ਭਾਰਤ ਨੂੰ ਉਪ-ਮਹਾਂਦੀਪ ਕਿਉਂ ਆਖਦੇ ਹਨ?

ਉ 1: ਭਾਰਤ ਦੇ ਅਕਸ਼ਾਂਸ਼ ਅਤੇ ਦਿਸ਼ਾਂਤਰ ਤੇ ਜ਼ਿਆਦਾ ਵਿਸਤਾਰ ਕਰਕੇ ਇਸ ਨੂੰ ਉਪ-ਮਹਾਂਦੀਪ ਕਿਹਾ ਜਾਂਦਾ ਹੈ।

ਪ੍ਰ 2: ਉਹਨਾਂ ਤਿੰਨਾਂ ਸਾਗਰਾਂ ਦੇ ਨਾਂ ਲਿਖੋ ਜਿਨ੍ਹਾਂ ਨੇ ਭਾਰਤੀ ਪ੍ਰਾਇਦੀਪ ਨੂੰ ਘੇਰਿਆ ਹੈ।

ਉ 2: ਹਿੰਦ ਮਹਾਂਸਾਗਰ, ਅਰਬ ਮਹਾਂਸਾਗਰ, ਬੰਗਾਲ ਦੀ ਖਾੜੀ।

ਪ੍ਰ 3: ਭਾਰਤ ਦੇ ਗੁਆਂਢੀ ਦੇਸ਼ਾਂ ਦੇ ਨਾਂ ਦੱਸੋ ਜਿਨ੍ਹਾਂ ਦੀ ਸਾਂਝੀ ਸਰਹੱਦ ਹੈ।

ਉ 3: ਪਾਕਿਸਤਾਨ, ਅਫ਼ਗਾਨਿਸਤਾਨ, ਚੀਨ, ਨੇਪਾਲ, ਭੂਟਾਨ, ਮਿਆਂਮਾਰ (ਬਰਮਾ) ਅਤੇ ਬੰਗਲਾ ਦੇਸ਼।

ਪ੍ਰ 4: ਸ਼੍ਰੀਲੰਕਾ ਭਾਰਤ ਤੋਂ ਕਿਵੇਂ ਅਲੱਗ ਹੁੰਦਾ ਹੈ?

ਉ 4: ਸ਼੍ਰੀਲੰਕਾ ਪਾਕ-ਜਲਸੰਧੀ ਅਤੇ ਮਨਾਰ ਦੀ ਖਾੜੀ ਦੁਆਰਾ ਭਾਰਤ ਨਾਲੋਂ ਅਲੱਗ ਹੁੰਦਾ ਹੈ।

ਪ੍ਰ 5: ਉੱਤਰੀ ਮੈਦਾਨਾਂ ਵਿੱਚ ਦਰਿਆਈ ਮੈਦਾਨਾਂ ਦੇ ਨਾਂ ਦੱਸੋ।

ਉ 5: ਪੰਜਾਬ-ਹਰਿਆਣਾ ਦਾ ਮੈਦਾਨ, ਥਾਰ ਮਾਰੂਥਲ ਦਾ ਮੈਦਾਨ, ਗੰਗਾ ਦਾ ਮੈਦਾਨ, ਬ੍ਰਹਮਪੁੱਤਰ ਦਾ ਮੈਦਾਨ।

**5 ਅੰਕ ਵਾਲੇ ਪ੍ਰਸ਼ਨ:**

ਪ੍ਰ 1: ਭੌਤਿਕ ਦ੍ਰਿਸ਼ਟੀ ਤੋਂ ਭਾਰਤ ਨੂੰ ਕਿੰਨੇ ਭੂ-ਖੰਡਾਂ ਵਿੱਚ ਵੰਡਿਆ ਗਿਆ ਹੈ? ਨਾਂ ਦੱਸੋ।

ਉ 1:
1. ਉੱਤਰ ਦੇ ਮਹਾਨ ਪਰਬਤ
2. ਉੱਤਰ ਦੇ ਵਿਸ਼ਾਲ ਮੈਦਾਨ
3. ਪ੍ਰਾਇਦੀਪੀ ਪਠਾਰ
4. ਤੱਟ ਦੇ ਮੈਦਾਨ
5. ਦੀਪ-ਸਮੂਹ

## **ਪਾਠ 8**

## **ਪ੍ਰਾਚੀਨ ਇਤਿਹਾਸ ਦਾ ਅਧਿਐਨ-ਸ੍ਰੋਤ**

## **Study of Ancient History -Sources**

1. "ਇਤਿਹਾਸ" ਸ਼ਬਦ ਯੂਨਾਨੀ ਭਾਸ਼ਾ ਦੇ ਕਿਸ ਸ਼ਬਦ ਤੋਂ ਬਣਿਆ ਹੈ?

   (ੳ) ਵਿਕਟੋਰੀਆ (ਅ) **ਹੈਸਟੋਰੀਆ** (ੲ) ਪਿਕਸਟੋਰੀਆ (ਸ) ਕੈਲੋਸਟੋਰੀਆ

2. ਜਿਸ ਕਾਲ ਦਾ ਸਾਡੇ ਕੋਲ ਲਿਖਤੀ ਵੇਰਵਾ ਨਹੀਂ ਮਿਲਦਾ ਹੈ ਉਸਨੂੰ ਕਹਿੰਦੇ ਹਨ?

   (ੳ) **ਪੂਰਵ ਇਤਿਹਾਸ** (ਅ) ਮਿਥਿਹਾਸ (ੲ) ਸ਼ਿਲਾਲੇਖ (ਸ) ਇਤਿਹਾਸ

3. ਹੇਠ ਲਿਖਿਆ ਵਿੱਚੋਂ ਕਿਹੜਾ ਸਾਹਿਤਕ ਸ੍ਰੋਤ ਹੈ?

   (ੳ) ਸਿੱਕੇ (ਅ) ਬਰਤਨ (ੲ) **ਵੇਦ (ਗ੍ਰੰਥ)** (ਸ) ਇਮਾਰਤਾਂ

4. "ਅਰਥ ਸ਼ਾਸਤਰ" ਕਿਤਾਬ ਦਾ ਲੇਖਕ ਕੌਣ ਹੈ?

   (ੳ) ਕਾਲੀਦਾਸ (ਅ) ਆਰੀਆ ਭੱਟ (ੲ) ਵੇਦ ਵਿਆਸ (ਸ) **ਕੌਟੱਲਿਆ**

5. ਪੁਰਾਤੱਤਵ ਸ੍ਰੋਤਾਂ ਦਾ ਅਧਿਐਨ ਕਰਨ ਵਾਲੇ ਨੂੰ ਕੀ ਕਿਹਾ ਜਾਂਦਾ ਹੈ?

   (ੳ) **ਪੁਰਾਤੱਤਵ ਵਿਗਿਆਨੀ** (ਅ) ਅਧਿਆਪਕ (ੲ) ਡਾਕਟਰ (ਸ) ਪੁਲਾੜ ਯਾਤਰੀ

**ਖਾਲੀ ਥਾਵਾਂ ਭਰੋ:**

1. ਇਤਿਹਾਸ ਸ਼ਬਦ ਯੂਨਾਨੀ ਭਾਸ਼ਾ ਦੇ ਸ਼ਬਦ ਹੈਸਟੋਰੀਆ ਤੋਂ ਬਣਿਆ ਹੈ।**(ਯੂਨਾਨੀ, ਪਾਰਸੀ)**
2. ਸ਼ੁਰੂ ਵਿੱਚ ਮਨੁੱਖ ਗੁਫ਼ਾਂਵਾਂ ਵਿੱਚ ਰਹਿੰਦਾ ਸੀ। **(ਘਰਾਂ, ਗੁਫਾਂਵਾਂ)**
3. ਕੌਟੱਲਿਆ ਦੁਆਰਾ ਅਰਥ ਸ਼ਾਸਤਰ ਨਾਂ ਦੀ ਪੁਸਤਕ ਲਿਖੀ ਗਈ ਹੈ। **(ਅਰਥ ਸ਼ਾਸਤਰ, ਮਨੂੰਸਮ੍ਰਿਤੀ)**
4. ਰਮਾਇਣ ਰਿਸ਼ੀ ਬਾਲਮਿਕੀ ਦੁਆਰਾ ਲਿਖੀ ਗਈ ਸੀ। **(ਵੇਦ ਵਿਆਸ, ਬਾਲਮਿਕੀ)**

**ਸਹੀ ਜਾਂ ਗਲਤ:**

1. ਮਨੂੰਸਮ੍ਰਿਤੀ ਧਰਮ-ਸ਼ਾਸਤਰ ਗ੍ਰੰਥ ਹੈ। **(ਸਹੀ)**
2. ਆਰਣਬਕ ਵੈਦਿਕ ਸਾਹਿਤ ਦਾ ਹਿੱਸਾ ਨਹੀਂ ਹੈ। **(ਗਲਤ)**
3. ਸਿੱਕੇ ਇਤਿਹਾਸ ਦਾ ਸ੍ਰੋਤ ਨਹੀ ਹਨ। **(ਗਲਤ)**
4. ਅਸ਼ੋਕ ਨੇ ਆਪਣਾ ਸੰਦੇਸ਼ ਪੱਥਰ ਦੇ ਸਤੰਭਾਂ ਤੇ ਖੁਦਵਾਇਆ।**(ਸਹੀ)**

**ਸਹੀ ਮਿਲਾਣ ਕਰੋ:**

| | |
|---|---|
| 1. ਰਮਾਇਣ | ੳ. ਇਤਿਹਾਸ ਦਾ ਪਿਤਾਮਾ **(4)** |
| 2. ਸਾਮਦੇਵ | ਅ. ਮਹਾਂਕਾਵਿ **(1)** |
| 3. ਆਰੀਆ ਭੱਟ | ੲ. ਵੇਦ **(2)** |
| 4. ਹੈਰੋਡੋਟਸ | ਸ. ਵਿਗਿਆਨੀ **(3)** |

**3 ਅੰਕ ਵਾਲੇ ਪ੍ਰਸ਼ਨ:**

ਪ੍ਰ 1: ਪੂਰਵ ਇਤਿਹਾਸ ਤੋਂ ਕੀ ਭਾਵ ਹੈ?

ਉ 1: ਜਿਸ ਕਾਲ ਦਾ ਸਾਡੇ ਕੋਲ ਲਿਖਤੀ ਵੇਰਵਾ ਨਹੀਂ ਹੈ ਉਸ ਨੂੰ "ਪੂਰਵ ਇਤਿਹਾਸ" ਕਿਹਾ ਜਾਂਦਾ ਹੈ।

ਪ੍ਰ 2: ਇਤਿਹਾਸ ਤੋਂ ਕੀ ਭਾਵ ਹੈ?

ਉ 2: ਜਿਸ ਕਾਲ ਦਾ ਸਾਡੇ ਕੋਲ ਲਿਖਤੀ ਵੇਰਵਾ ਹੈ ਉਸ ਨੂੰ "ਇਤਿਹਾਸ" ਕਿਹਾ ਜਾਂਦਾ ਹੈ।

ਪ੍ਰ 3: ਪੁਰਾਤੱਤਵ ਸ੍ਰੋਤ ਤੋਂ ਕੀ ਭਾਵ ਹੈ?

ਉ 3: ਪੁਰਾਤੱਤਵ ਸ੍ਰੋਤ ਵਿੱਚ ਪੁਰਾਤਨ ਇਮਾਰਤਾਂ, ਬਰਤਨ, ਸਿੱਕੇ ਅਤੇ ਪ੍ਰਾਚੀਨ ਅਭਿਲੇਖ ਆਦਿ ਸ਼ਾਮਿਲ ਹੁੰਦੇ ਹਨ।

ਪ੍ਰ 4: 'ਪੁਰਾਲੇਖ ਵਿੱਦਿਆ' ਕੀ ਹੈ?

ਉ 4: ਸ਼ਿਲਾਲੇਖਾਂ ਦੇ ਅਧਿਐਨ ਨੂੰ 'ਪੁਰਾਲੇਖ ਵਿੱਦਿਆ' ਕਿਹਾ ਜਾਂਦਾ ਹੈ।

**5 ਅੰਕ ਵਾਲੇ ਪ੍ਰਸ਼ਨ:**

ਪ੍ਰ 1: ਇਤਿਹਾਸ ਦੇ ਸਾਹਿਤਕ ਸ੍ਰੋਤਾਂ ਉੱਤੇ ਸੰਖੇਪ ਨੋਟ ਲਿਖੋ।

ਉ 1: ਬੁਹਤ ਸਾਰੀਆਂ ਧਾਰਮਿਕ ਪੁਸਤਕਾਂ ਜਿਵੇਂ ਕਿ ਵੇਦ, ਬ੍ਰਾਹਮਣ ਗ੍ਰੰਥ, ਸੂਤਰ, ਮਹਾਂਕਾਵਿ ਰਮਾਇਣ, ਮਹਾਂਭਾਰਤ, ਆਰਣਯਕ ਉਪਨਿਸ਼ਦ ਅਤੇ ਪੁਰਾਣ ਆਦਿ ਨੂੰ 6 ਸਾਹਿਤਕ ਸ੍ਰੋਤ ਕਿਹਾ ਜਾਂਦਾ ਹੈ। ਇਹ ਸਾਹਿਤ ਧਰਮ ਤੋਂ ਇਲਾਵਾ ਅਪਣੇ ਸਮਕਾਲੀਨ ਘਟਨਾਵਾਂ, ਸਮਾਜ, ਨਿਯਮਾਂ, ਕਾਨੂੰਨਾਂ ਅਤੇ ਖੋਜਾਂ ਆਦਿ ਬਾਰੇ ਜਾਣਕਾਰੀ ਦਿੰਦੇ ਹਨ।

# ਪਾਠ 9
## ਆਦਿ ਮਨੁੱਖ- ਪੱਥਰ ਯੁੱਗ
## Early Man- The stone age

1. ਅੱਗ ਦੀ ਖੋਜ ਕਿਸਨੇ ਕੀਤੀ?
   (ੳ) ਵਿਗਿਆਨੀ (ਅ) **ਆਦਿ ਮਨੁੱਖ (ਮਾਨਵ)** (ੲ) ਆਧੁਨਿਕ ਮਨੁੱਖ (ਸ) ਇੰਜੀਨੀਅਰ
2. ਧਰਤੀ ਤੇ ਮਨੁੱਖ ਦੀ ਹੋਂਦ ਕਿੰਨੇ ਲੱਖ ਸਾਲ ਪਹਿਲਾਂ ਹੋਈ?
   (ੳ) 10 ਲੱਖ ਸਾਲ (ਅ) 20 ਲੱਖ ਸਾਲ (ੲ) 30 ਲੱਖ ਸਾਲ (ਸ) **40 ਲੱਖ ਸਾਲ ਪਹਿਲਾ**
3. ਪੈਲੀਆਲਿਥਿਕ ਪੀਰੀਅਡ ਤੋਂ ਕੀ ਭਾਵ ਹੈ?
   (ੳ) ਕਾਂਸਾ ਯੁੱਗ (ਅ) **ਪੱਥਰ ਯੁੱਗ** (ੲ) ਲੋਹ ਯੁੱਗ (ਸ) ਆਧੁਨਿਕ ਯੁੱਗ

**ਖਾਲੀ ਥਾਵਾਂ ਭਰੋ:**

1. ਪੁਰਾਤਨ ਪੱਥਰ ਯੁੱਗ ਨੂੰ ਪੈਲੀਆਲਿਥਿਕ ਪੀਰੀਅਡ ਵੀ ਕਿਹਾ ਜਾਂਦਾ ਹੈ। **(ਪੈਲੀਆਲਿਥਿਕ ਪੀਰੀਅਡ, ਮੈਸੋਲਿਥਿਕ ਪੀਰੀਅਡ)**
2. ਮੱਧ ਪੱਥਰ ਯੁੱਗ ਨੂੰ ਮੈਸੋਲਿਥਿਕ ਯੁੱਗ ਵੀ ਕਿਹਾ ਜਾਂਦਾ ਹੈ। **(ਨਵ ਪੱਥਰ ਯੁੱਗ, ਮੱਧ ਪੱਥਰ ਯੁੱਗ)**

**ਸਹੀ ਜਾਂ ਗਲਤ:**

1. ਪੂਰਵ ਪੱਥਰ ਯੁੱਗ ਵਿੱਚ ਮਨੁੱਖ ਖੇਤੀ ਦੇ ਲਈ ਹਲ ਚਲਾਉਂਦਾ ਸੀ। **(ਗਲਤ)**
2. ਅੱਗ ਦੀ ਖੋਜ ਇੱਕ ਵਿਗਿਆਨੀ ਨੇ ਕੀਤੀ। **(ਗਲਤ)**
3. ਪੱਥਰ ਯੁੱਗ ਦੀ ਗੁਫ਼ਾ-ਚਿੱਤਰਕਾਰੀ ਬਹੁਤ ਸਾਰੇ ਸਥਾਨਾਂ ਤੋਂ ਮਿਲੀ ਹੈ। **(ਸਹੀ)**
4. ਨਵ ਪੱਥਰ ਯੁੱਗ ਦਾ ਅਰਥ ਆਧੁਨਿਕ ਸਮਾਂ ਹੈ। **(ਗਲਤ)**

**ਸਹੀ ਮਿਲਾਣ ਕਰੋ:**

| | |
|---|---|
| 1. ਪੂਰਵ ਪੱਥਰ ਯੁੱਗ | ੳ. ਗੁਫ਼ਾ ਮਾਨਵ **(1)** |
| 2. ਮੈਸੋਲਿਥਿਕ ਪੀਰੀਅਡ | ਅ. ਗੁਫ਼ਾ ਚਿੱਤਰਕਾਰੀ **(3)** |
| 3. ਭੀਮ ਬੈਠਕਾ | ੲ. ਪ੍ਰਾਚੀਨ-ਪੱਥਰ ਯੁੱਗ **(4)** |
| 4. ਸ਼ਿਕਾਰੀ-ਖਾਧ ਸੰਗ੍ਰਹਿ | ਸ. ਮੱਧ-ਪੱਥਰ ਯੁੱਗ **(2)** |

**3 ਅੰਕ ਵਾਲੇ ਪ੍ਰਸ਼ਨ:**

ਪ੍ਰ 1: ਮੱਧ ਪੱਥਰ ਯੁੱਗ ਦੀਆਂ ਮੁੱਖ ਖੋਜਾਂ ਕਿਹੜੀਆਂ ਹਨ?

ੳ 1: ਅੱਗ ਅਤੇ ਪਹੀਏ ਦੀ ਖੋਜ, ਮੱਧ ਪੱਥਰ ਯੁੱਗ ਦੀ ਮੁੱਖ ਖੋਜ ਸੀ।

ਪ੍ਰ 2: ਗੁਫ਼ਾ ਚਿੱਤਰਕਾਰੀ ਬਾਰੇ ਨੋਟ ਲਿਖੋ।

ੳ 2: ਨਵ ਪੱਥਰ ਯੁੱਗ ਵਿੱਚ ਮਨੁੱਖ ਨੇ ਨੁਕੀਲੇ ਪੱਥਰਾਂ ਅਤੇ ਰੰਗਾਂ ਦੀ ਸਹਾਇਤਾ ਨਾਲ ਮਨੁੱਖਾਂ, ਜਾਨਵਰਾਂ ਆਦਿ ਦੇ ਚਿੱਤਰ ਗੁਫ਼ਾਵਾਂ ਦੀ ਦੀਵਾਰਾਂ ਤੇ ਬਣਾਏ। ਇਸ ਨੂੰ ਗੁਫ਼ਾ ਚਿੱਤਰਕਾਰੀ ਆਖਦੇ ਹਨ। ਭੀਮ ਬੈਠਕਾ ਗੁਫ਼ਾ ਚਿੱਤਰਕਾਰੀ ਦਾ ਇਕ ਉਦਾਹਰਣ ਹੈ।

**5 ਅੰਕ ਵਾਲੇ ਪ੍ਰਸ਼ਨ:**

ਪ੍ਰ 1: ਪੁਰਾਤਨ ਪੱਥਰ ਯੁਗ ਬਾਰੇ ਤੁਸੀ ਕੀ ਜਾਣਦੇ ਹੋ?

ੳ 1: 1. ਪੁਰਾਤਨ ਪੱਥਰ ਯੁਗ ਵਿੱਚ ਮਨੁੱਖ ਜੰਗਲਾਂ ਵਿੱਚ ਰਹਿੰਦਾ ਸੀ

2. ਉਹ ਆਪਣੇ ਸਰੀਰ ਨੂੰ ਜਾਨਵਰਾਂ ਦੀਆਂ ਖੱਲਾਂ, ਦਰੱਖਤਾਂ ਦੇ ਪੱਤੇ ਅਤੇ ਛਿਲਕਿਆਂ ਨਾਲ ਢੱਕਦਾ ਸੀ।

3. ਇਸ ਯੁੱਗ ਵਿੱਚ ਮਨੁੱਖ ਪੱਥਰਾਂ ਦੇ ਔਜ਼ਾਰ ਅਤੇ ਹਥਿਆਰ ਬਣਾਉਂਦਾ ਸੀ।

4. ਇਸ ਯੁੱਗ ਵਿੱਚ ਮਨੁੱਖ ਨੂੰ "ਖਾਧ ਸੰਗ੍ਰਹੀ" ਕਹਿੰਦੇ ਸੀ।

ਪ੍ਰ 2: ਨਵੇਂ ਪੱਥਰ ਯੁੱਗ ਬਾਰੇ ਤੁਸੀ ਕੀ ਜਾਣਦੇ ਹੋ?

ਉ 2: 1. ਇਸ ਯੁੱਗ ਵਿੱਚ ਮਨੁੱਖ ਨੇ ਖੇਤੀ ਕਰਨੀ ਸ਼ੁਰੂ ਕਰ ਦਿੱਤੀ ਸੀ।

2. ਮਨੁੱਖ ਝੌਂਪੜੀਆਂ ਵਿੱਚ ਰਹਿੰਦਾ ਸੀ।

3. ਨਵੇ ਪੱਥਰ ਯੁੱਗ ਵਿੱਚ ਮਨੁੱਖ ਨੇ ਭੋਜਨ ਪਕਾਉਣ ਅਤੇ ਰੱਖਣ ਲਈ ਮਿੱਟੀ ਦੇ ਬਰਤਨ ਬਣਾਉਣੇ ਵੀ ਸਿੱਖ ਲਏ ਸੀ।

4. ਇਸ ਯੁੱਗ ਵਿੱਚ ਮਨੁੱਖ ਦੇ ਔਜ਼ਾਰ ਪਹਿਲਾਂ ਨਾਲੋਂ ਵਧੀਆ ਸੀ।

## **ਪਾਠ 10**
## **ਹੜੱਪਾ ਸਭਿਅਤਾ**

1. ਸਿੰਧ ਘਾਟੀ ਦੀ ਸੱਭਿਅਤਾ ਕਿਸ ਨਦੀ ਦੇ ਕਿਨਾਰੇ ਤੇ ਵਿਕਸਿਤ ਹੋਈ?

   (ੳ) **ਸਿੰਧ ਨਦੀ** (ਅ) ਕਾਵੇਰੀ ਨਦੀ (ੲ) ਬ੍ਰਹਮਪੁੱਤਰ ਨਦੀ (ਸ) ਨੀਲ ਨਦੀ

2. ਸਿੰਧ ਘਾਟੀ ਸੱਭਿਅਤਾ ਨਾਲ ਸੰਬੰਧਤ ਪਿੰਡ ਸੰਘੋਲ ਕਿਸ ਰਾਜ ਨਾਲ ਸੰਬੰਧਤ ਹੈ?

   (ੳ) **ਪੰਜਾਬ** (ਅ) ਹਰਿਆਣਾ (ੲ) ਯੂ. ਪੀ. (ਸ) ਰਾਜਸਥਾਨ

3. ਸਭ ਤੋਂ ਵੱਡਾ ਇਸ਼ਨਾਨ ਘਰ ਕਿੱਥੇ ਮਿਲਿਆ?

   (ੳ) ਹੜੱਪਾ (ਅ) ਕਾਲੀਬੰਗਨ (ੲ) ਸੰਘੋਲ (ਸ) **ਮੋਹਿੰਜੋਦੜੋ**

4. ਕਾਸੇ ਦੀ ਬਣੀ ਨਰਤਕੀ ਦੀ ਮੂਰਤੀ ਕਿਸ ਜਗ੍ਹਾਂ ਤੋਂ ਪ੍ਰਾਪਤ ਹੋਈ?

   (ੳ) ਹੜੱਪਾ (ਅ) ਕਾਲੀਬੰਗਨ (ੲ) ਸੰਘੋਲ (ਸ) **ਮੋਹਿੰਜੋਦੜੋ**

**ਖਾਲੀ ਥਾਵਾਂ ਭਰੋ:**

1. ਹੜੱਪਾ ਸਭਿਅਤਾ ਮਿਸਰ ਦੀ ਸਭਿਅਤਾ ਨਾਲੋਂ, ਲਗਭਗ ਵੀਹ ਗੁਣਾਂ ਵੱਡੀ ਸੀ। **(ਵੀਹ, ਦੱਸ)**
2. ਮਕਾਨ ਇੱਟਾਂ ਅਤੇ ਲੱਕੜੀ ਦੇ ਬਣੇ ਹੋਏ ਸਨ। **(ਇੱਟਾਂ ਅਤੇ ਲੱਕੜੀ, ਪੱਤੇ ਅਤੇ ਲੱਕੜੀ)**
3. ਮਰਦ ਅਤੇ ਇਸਤਰੀਆਂ ਦੋਵੇ ਗਹਿਣਿਆਂ ਅਤੇ ਫ਼ੈਸ਼ਨ ਦੇ ਸ਼ੌਕੀਨ ਸਨ। **(ਗਹਿਣਿਆਂ,ਫ਼ੈਸ਼ਨ/ ਮਿੱਟੀ, ਮਣਕਿਆਂ)**
4. ਲੋਕ ਮਾਤਾ ਦੇਵੀ ਦੀ ਪੂਜਾ ਕਰਦੇ ਸਨ। **(ਮਾਤਾ ਦੇਵੀ, ਇੰਦਰ)**
5. ਪਿੱਪਲ ਦੇ ਦਰੱਖਤ ਨੂੰ ਪਵਿੱਤਰ ਮੰਨਿਆ ਜਾਂਦਾ ਸੀ। **(ਪਵਿੱਤਰ, ਬੁਰਾ)**

.

**ਸਹੀ ਮਿਲਾਣ ਕਰੋ:**

| | |
|---|---|
| 1. ਪਸ਼ੂਪਤੀ | ੳ. ਬੰਦਰਗਾਹ**(3)** |
| 2. ਮੋਹਿੰਜੋਦੜੋ | ਅ. ਲਿਖਣ ਕਲਾ**(4)** |
| 3. ਲੋਥਲ | ੲ. ਦੇਵਤਾ**(1)** |
| 4. ਚਿੱਤਰ ਲਿਪੀ | ਸ. ਵਿਸ਼ਾਲ ਇਸ਼ਨਾਨ ਘਰ**(2)** |